# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172- 5218801-16 ਈ-ਮੇਲ: edusat.punjab@punjabeducation.gov.in


9051
3/4/18

978
2/4/18

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2018/ਪੀ.ਈ.ਐਸ/ਸੈਕਟੋਰਲ ਕਮੇਟੀ/ 5245
ਮਿਤੀ: 30ਮਾਰਚ, 2018.

ਵਿਸ਼ਾ: **ਸਕੂਲ ਸਿੱਖਿਆ ਵਿਭਾਗ ਦਾ ਨਵੇਂ ਵਿੱਦਿਅਕ ਸੈਸ਼ਨ (2018-19) ਲਈ ਐਜੂਸੈਟ ਪ੍ਰੋਗਰਾਮਾਂ ਦਾ ਟਾਈਮ ਟੇਬਲ.**

1.0 ਉਪਰੋਕਤ ਵਿਸ਼ੇ ਅਨੁਸਾਰ ਵਿੱਦਿਅਕ ਸੈਸ਼ਨ 2018-19 ਲਈ ਐਜੂਸੈਟ ਦੇ ਪ੍ਰੋਗਰਾਮਾਂ ਦਾ ਟਾਈਮ ਟੇਬਲ ਭੇਜਿਆ ਜਾ ਰਿਹਾ ਹੈ, ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਤੱਕ ਦੇ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਲਈ ਨਸ਼ਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਹੈ। ਸਮੂਹ ਸਬੰਧਤ ਸਕੂਲ ਮੁੱਖੀ ਐਜੂਸੈਟ ਟਾਈਮ ਟੇਬਲ ਦੇ ਅਨੁਸਾਰ ਆਪਣੇ ਸਕੂਲ ਦਾ ਟਾਈਮ ਟੇਬਲ ਤਿਆਰ ਕਰਨਗੇ।

1.1 ਇਸ ਵਿਦਿਅਕ ਸੈਸਨ ਦੇ ਟਾਈਮ ਟੇਬਲ ਵਿੱਚ ਫੀਲਡ ਵਿੱਚੋਂ ਪ੍ਰਾਪਤ ਸੁਝਾਵਾਂ ਦੇ ਮੱਦੇਨਜਰ ਹਿਊਮੈਨਟੀਜ਼ ਗਰੁੱਪ (11ਵੀਂ ਅਤੇ 12ਵੀ ਜਮਾਤਾਂ) ਦੇ ਲਈ ਕੁੱਝ ਤਬਦੀਲੀਆਂ ਕੀਤੀਆ ਗਈਆ ਹਨ ਅਤੇ ਇਹਨਾਂ ਵਿਦਿਆਰਥੀਆਂ ਲਈ ਵਿਸੇਸ ਕਿੱਤਾਮੁਖੀ ਟ੍ਰੇਨਿੰਗ ਪ੍ਰੋਗਰਾਮਾਂ (ਇੰਗਲਿਸ਼ ਸਕਿੱਲ ਡਿਵੈਲਪਮੈਂਟ, ਡਿਫੈਂਸ/ਪੁਲਿਸ, ਐਗਰੀ ਬਿਜ਼ਨਸ) ਲਈ ਟਾਈਮ ਸਲਾਟ ਦਾ ਉਪਬੰਧ ਕੀਤਾ ਗਿਆ ਹੈ।ਇਹਨਾਂ ਟ੍ਰੇਨਿੰਗ ਪ੍ਰੋਗਰਾਮਾਂ ਲਈ ਵਿਭਾਗ ਵੱਲੋ ਵੱਖਰੇ ਤੌਰ ਤੇ ਜਲਦ ਹੀ ਹਦਾਇਤਾਂ ਜਾਰੀ ਕੀਤੀਆਂ ਜਾਣਗੀਆ ਅਤੇ ਇਹਨਾਂ ਪ੍ਰੋਗਰਾਮ ਦੀ ਮੁਕੰਮਲ ਮੋਨੀਟਰਿੰਗ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ/ਸਿੱਖਿਆ ਸੁਧਾਰ ਕਮੇਟੀਆਂ ਵੱਲੋ ਕੀਤੀ ਜਾਵੇਗੀ।

1.2 ਨਵੇ ਵਿੱਦਿਅਕ ਸੈਸਨ ਲਈ ਅਪ੍ਰੈਲ 2018 ਤੋਂ ਸਕੂਲ ਖੁੱਲਣ ਦੇ ਨਾਲ ਹੀ ਦਾਖਲਾ ਪ੍ਰੀਕ੍ਰਿਆ ਸੁਰੂ ਹੋ ਜ਼ਾਵੇਗੀ ਅਤੇ ਐਜੂਸੈਟ ਦੇ ਪ੍ਰੋਗਰਾਮ ਅਪ੍ਰੈਲ ਮਹੀਨੇ ਦੇ ਤੀਸਰੇ ਹਫਤੇ ਦੌਰਾਨ ਟਾਈਮ ਟੇਬਲ ਅਨੁਸਾਰ ਸੁਰੂ ਕੀਤੇ ਜਾ ਰਹੇ ਹਨ ਅਤੇ ਇਸ ਮਹੀਨੇ ਦਾ ਸ਼ਡਿਊਲ ਵੀ ਆਪਜੀ ਨੂੰ ਜਲਦੀ ਹੀ ਭੇਜਿਆ ਜਾ ਰਿਹਾ ਹੈ। ਕ੍ਰਿਪਾ ਕਰਕੇ ਸਬੰਧਤ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਨੂੰ ਇਸ ਸਬੰਧੀ ਪ੍ਰੋਗਰਾਮ ਅਟੈਂਡ ਕਰਨ ਲਈ ਜਾਣੂ ਕਰਵਾ ਕੇ ਪ੍ਰੋਗਰਾਮਾਂ ਵਿੱਚ ਸਮੂਲੀਅਤ ਕਰਵਾਈ ਜਾਵੇ।

1.3 ਐਜੂਸੈਟ ਪ੍ਰੋਗਰਾਮਾਂ ਅਨੁਸਾਰ ਵਿਦਿਆਰਥੀਆਂ ਦੀ ਰੋਜਾਨਾ ਹਾਜ਼ਰੀ ਲਈ ਰਜਿਸਟਰ ਲਗਾ ਲਿਆ ਜਾਵੇ, ਜਿਸ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ (ਭਾਗ ਲੈਣ ਵਾਲੇ/ਕੁੱਲ) ਅਤੇ ਵਿਸ਼ਾ ਅਧਿਆਪਕ ਦਾ ਨਾਮ ਹਾਜ਼ਰੀ ਅਨੁਸਾਰ ਦਰਜ ਕੀਤਾ ਜਾਵੇ।ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਦੁਆਰਾ ਪ੍ਰੋਗਰਾਮਾਂ ਦੀ ਮੁਲਾਂਕਣ ਰਿਪੋਰਟ ਅਤੇ

ਹੋਰ ਸੁਝਾਓ ਈ-ਮੇਲ edusat.punjab@punjabeducation.gov.in ਅਤੇ http://goo.gl/forms/FTN8oQinpp ਲਿੰਕ ਰਾਹੀਂ ਭੇਜੇ ਜਾਣ।

1.4 ਸਕੂਲ ਮੁੱਖੀ ਹਰ ਰੋਜ਼ ਐਜੂਸੈਟ ਰਜਿਸਟਰ ਵਿੱਚ ਕੀਤੇ ਇੰਦਰਾਜਾਂ ਨੂੰ ਤਸਦੀਕ ਕਰੇਗਾ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ।

ਨੱਥੀ: ਟਾਈਮ ਟੇਬਲ 2018-19 (ਗਰਮੀ ਰੁੱਤ)

ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/40/2018/ਪੀ.ਈ.ਐਸ/ਸੈਕਟੋਰਲ ਕਮੇਟੀ/5245 ਮਿਤੀ: 30-03-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

(ਦਸਤਖਤ)

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ
ਪਿੱ:ਅੰ:ਨੰ: ਸੀ-11 ( ) 2018-19 / 5466 ਮਿਤੀ ਮਾਨਸਾ 3/4/18
ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਹ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

(ਦਸਤਖਤ) 03/04/18
ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਮਾਨਸਾ।

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ) ਪੰਜਾਬ, ਸ.ਅ.ਸ. ਨਗਰ

(ਅਮਲਾ-1 ਸਾਖਾ)

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਵੈਬ ਸਾਇਟ ਰਾਹੀ)

ਮੀਮੋ ਨੰਬਰ :15/129-18 ਅ-1(3)
ਮਿਤੀ 02-04-2018

ਵਿਸਾ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਚੱਲ ਰਹੇ ਸਾਇੰਸ ਅਤੇ ਕਾਮਰਸ ਗਰੁੱਪਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਸਬੰਧੀ

ਉਪਰੋਕਤ ਵਿਸੇ ਸਬੰਧੀ ਲਿਖਿਆ ਜਾਂਦਾ ਹੈ ਕਿ:-

1. ਜਿਨਾਂ ਸਰਕਾਰੀ ਸੀਨੀਅਰ **ਸੈਕੰਡਰੀ** ਸਕੂਲਾਂ ਵਿਚ ਸਾਇੰਸ ਅਤੇ ਕਾਮਰਸ ਗਰੁੱਪ ਚੱਲ ਰਹੇ ਹਨ, ਉਹਨਾਂ ਗਰੁੱਪਾਂ ਵਿਚ ਪਿਛਲੇ ਸਾਲ ਦੇ ਦਾਖਲੇ ਨਾਲੋ ਵਿਦਿਅਕ ਸਾਲ 2018-19 ਦੌਰਾਨ ਵਿਦਿਆਰਥੀਆਂ ਦੇ ਦਾਖਲੇ ਵਿਚ ਘੱਟੋ ਘੱਟ 20% ਦਾ ਵਾਧਾ ਕੀਤਾ ਜਾਵੇ।
2. ਜਿਨਾ ਸਰਕਾਰੀ ਸੀਨੀਅਰ **ਸੈਕੰਡਰੀ** ਸਕੂਲਾਂ ਵਿਚ ਪਿਛਲੇ ਸਾਲ ਸਾਇੰਸ ਅਤੇ ਕਮਰਸ ਗਰੁੱਪ ਨਵੇ ਦਿੱਤੇ ਗਏ ਸਨ, ਉਹਨਾਂ ਸਕੂਲਾਂ ਵਿਚ ਇਸ ਵਿਦਿਅਕ ਸਾਲ (2018-19) ਵਿਚ ਵਿਭਾਗ ਦੀਆਂ ਹਦਾਇਤਾ ਅਨੁਸਾਰ ਵਿਦਿਆਰਥੀਆਂ ਦਾ ਦਾਖਲਾ ਕਰਨਾ ਪਕੀਨੀ ਬਣਾਇਆ ਜਾਵੇ। ਜੇਕਰ ਵਿਦਿਅਕ ਸਾਲ 2018-19 ਦੌਰਾਨ ਇਨਾਂ ਗਰੁੱਪਾਂ ਵਿਚ ਵਿਦਿਆਰਥੀਆਂ ਦਾ ਦਾਖਲਾ ਨਹੀਂ ਕੀਤਾ ਜਾਂਦਾ ਜਾਂ ਘੱਟ ਕੀਤਾ ਜਾਂਦਾ ਹੈ, ਤਾਂ ਉਸ ਸਕੂਲ ਵਿਚੋ ਸਾਇੰਸ ਜਾ ਕਮਰਸ ਗਰੁੱਪ ਨੂੰ ਅਤੇ ਕੰਮ ਕਰ ਰਹੇ ਲੈਕਚਰਾਰਾਂ ਨੂੰ ਲੋੜਵੰਦ ਸਕੂਲਾਂ ਵਿਚ ਸ਼ਿਫ਼ਟ ਕਰ ਦਿੱਤਾ ਜਾਵੇਗਾ।

ਉਪਰੋਕਤ ਸਬੰਧੀ ਸਕੂਲ ਪ੍ਰਿੰਸੀਪਲ ਅਤੇ ਸਬੰਧਤ ਲੈਕਚਰਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਾਇੰਸ ਅਤੇ ਕਾਮਰਸ ਗਰੁੱਪਾਂ ਵਿਚ ਵਿਦਿਆਰਥੀਆਂ ਦੇ ਦਾਖਲੇ ਵਿਚ ਵਾਧਾਂ ਕਰਨ ਲਈ ਵਿਸ਼ੇਸ ਉਪਰਾਲੇ ਕਰਨੇ ਯਕੀਨੀ ਬਣਾਉਣ।

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ)

ਪਿੱਠ ਅੰਕਣ ਨੰਬਰ: ਉਕਤ ਮਿਤੀ: ਸ.ਅ.ਸ ਨਗਰ

ਉਤਾਰਾ- ਪੀ. ਏ. ਟੂ ਮਾਨਯੋਗ ਸਕੱਤਰ ਸਕੂਲ ਸਿਖਿਆ ਜੀ ਨੂੰ ਸੂਚਨਾਂ ਹਿੱਤ

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ)